**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)

ਮੀਮੋ ਨੰ ਸਸਅ/ਕੋਆਰਡੀਨੇਸ਼ਨ/09/ਪੀ.ਏ./ਡੀ.ਜੀ.ਐਸ.ਈ.1
ਮਿਤੀ ਚੰਡੀਗੜ੍ਹ 24 ਅਕਤੂਬਰ, 2009

ਵਿਸ਼ਾ ਸੰਤ ਸ੍ਰੀ ਆਸ਼ਾ ਰਾਮ ਜੀ ਬਾਪੂ ਆਸ਼ਰਮ ਸੰਸਥਾ ਵੱਲੋਂ ਸਕੂਲਾਂ ਵਿੱਚ ਬੱਚਿਆਂ ਨੂੰ ਬੁੱਧੀ ਸ਼ਕਤੀ ਦੇ ਵਿਕਾਸ ਲਈ ਲੈਕਚਰ/ਪ੍ਰਤੀ-ਯੋਗਤਾ ਕਰਵਾਉਣ ਸਬੰਧੀ ।

1.0 ਉਪਰੋਕਤ ਵਿਸ਼ੇ ਤੇ ਸਰਕਾਰ ਦੇ ਮੀਮੋ ਨੰ 11/60/2009/4ਸਿ6/1638-40 ਮਿਤੀ 7.8.2009 ਦੇ ਹਵਾਲੇ ਵਿੱਚ ।

2.0 ਇਹ ਗੱਲ ਧਿਆਨ ਵਿੱਚ ਆਈ ਹੈ ਕਿ ਉਕਤ ਸੰਸਥਾ ਦੁਆਰਾ ਸਕੂਲਾਂ ਦੇ ਬੱਚਿਆਂ ਦੀ ਬੁੱਧੀ ਸ਼ਕਤੀ ਦੇ ਵਿਕਾਸ ਤੇ ਮੰਤਵ ਲਈ ਸਕੂਲਾਂ ਵਿੱਚ ਲੈਕਚਰ ਦਿੱਤੇ ਜਾਂ ਰਹੇ ਹਨ । ਇਹ ਦੱਸਿਆ ਜਾਂਦਾ ਹੈ ਕਿ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਦੇ ਵਿੱਚ ਕਿਸੀ ਵੀ ਧਰਮ ਵਿਸ਼ੇਸ਼ ਦੇ ਸਬੰਧ ਵਿੱਚ ਕੋਈ ਪ੍ਰਚਾਰ ਜਾਂ ਪ੍ਰਸ਼ਾਰ ਕਰਨਾ ਠੀਕ ਨਹੀਂ ਹੋਵੇਗਾ ਕਿਉਂ ਕਿ ਇਸ ਵਜਾਂ ਨਾਲ ਹੋ ਸਕਦਾ ਹੈ ਕਿ ਬਾਕੀ ਇਹੋ ਜਿਹੀਆਂ ਹੋਰ ਸੰਸਥਾਵਾਂ ਵੀ ਸਰਕਾਰ ਨੂੰ ਇਸ ਮੰਤਵ ਲਈ ਅਪਰੋਚ ਕਰਨ ਅਤੇ ਸਰਕਾਰ ਦੇ ਲਈ ਇਨ੍ਹਾਂ ਸਾਰਿਆਂ ਨੂੰ ਸਕੂਲਾਂ ਵਿੱਚ ਇਹੋ ਜਿਹੇ ਪ੍ਰਚਾਰ ਲਈ ਆਗਿਆ ਦੇਣੀ ਸੰਭਵ ਨਹੀਂ ਹੋਵੇਗੀ । ਇਸ ਦੇ ਨਾਲ ਹੀ ਵਿਦਿਆਰਥੀਆਂ ਦੀ ਪੜ੍ਹਾਈ ਤੇ ਵੀ ਉਲਟ ਅਸਰ ਪੈ ਸਕਦਾ ਹੈ ਕਿਉਂ ਕਿ ਸਕੂਲਾਂ ਦੇ ਵਿਦਿਆਰਥੀਆਂ ਪਾਸ ਪਹਿਲਾਂ ਹੀ ਆਪਣੀ ਪੜ੍ਹਾਈ ਲਈ ਪੀਰੀਅਡ ਘੱਟ ਹੋ ਰਹੇ ਹਨ ।

3.0 ਇਹ ਪਤਾ ਲੱਗਿਆ ਹੈ ਕਿ ਇਹੋ ਜਿਹਾ ਪ੍ਰਚਾਰ ਕੁੱਝ ਸਕੂਲਾਂ ਵਿੱਚ ਹੋ ਰਿਹਾਂ ਹੈ । ਇਸ ਪੂਰੇ ਮਸਲੇ ਨੂੰ ਸਰਕਾਰ ਵੱਲੋਂ ਚੰਗੀ ਤਰ੍ਹਾਂ ਘੋਖਿਆ ਗਿਆ ਹੈ । ਆਪ ਜੀ ਨੂੰ ਸ਼ਖਤ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਸਕੂਲ ਦੇ ਵਿੱਚ ਇਹੋ ਜਿਹੇ ਕਿਸੀ ਵੀ ਪ੍ਰਚਾਰ ਦੀ ਇਜਾਜਤ ਨਾ ਦਿੱਤੀ ਜਾਵੇ ।

4.0 ਇਹ ਪੱਤਰ ਮਾਨਯੋਗ ਸਿੱਖਿਆ ਮੰਤਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ :
1. ਡੀ.ਪੀ.ਆਈ. (ਸੈ ਸਿ) ਪੰਜਾਬ, ਚੰਡੀਗੜ੍ਹ
2. ਡੀ.ਪੀ.ਆਈ. (ਐ ਸਿ) ਪੰਜਾਬ, ਚੰਡੀਗੜ੍ਹ
3. ਮੰਡਲ ਸਿੱਖਿਆ ਅਫਸਰ, ਨਾਭਾ/ਜਲੰਧਰ/ਫਰੀਦਕੋਟ
4. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ ਸਿ)

ਉਤਾਰਾ
1. ਨਿਜੀ ਸਹਾਇਕ / ਸਕੱਤਰ ਸਕੂਲ ਸਿੱਖਿਆ, ਪੰਜਾਬ ਸਰਕਾਰ, ਚੰਡੀਗੜ੍ਹ
2. ਸਕੱਤਰ, ਸਿੱਖਿਆ ਮੰਤਰੀ, ਪੰਜਾਬ, ਚੰਡੀਗੜ੍ਹ ।